# ਮਾਲਕ ਮਕਾਨ ਵਜੋਂ ਆਪਣੇ ਆਪ ਨੂੰ ਸੁੱਰਖਿਅਤ ਰੱਖਣ ਦੇ ਪੰਜ ਤਰੀਕੇ

ਬ੍ਰਿਟਿਸ਼ ਕੋਲੰਬੀਆ ਵਿਚ ਅਜਿਹੇ ਕਾਨੂੰਨ ਹਨ, ਜਿਹੜੇ ਮਾਲਕ ਮਕਾਨਾਂ (ਲੈਂਡਲਾਰਡਜ਼) ਅਤੇ ਕਿਰਾਏਦਾਰਾਂ ਦੀ ਹਿਫਾਜ਼ਤ ਕਰਦੇ ਹਨ। ਭਾਵੇਂ ਤੁਸੀਂ ਇਕ ਅਪਾਰਟਮੈਂਟ ਕਿਰਾਏ 'ਤੇ ਦੇ ਰਹੇ ਹੋ ਜਾਂ ਕਿ ਸੌਂ ਦੇ ਰਹੇ ਹੋ, ਤੁਸੀਂ ਰੈਜ਼ੀਡੈਂਸ਼ਲ ਟੇਨੈਂਸੀ ਐਕਟ ਵਿਚ ਤਹਿ ਕੀਤੇ ਨਿਯਮਾਂ ਦੀ ਪਾਲਣਾ ਕਰਕੇ ਬਹੁਤ ਸਾਰੀਆਂ ਸਮੱਸਿਆਵਾਂ ਤੋਂ ਰੋਕਥਾਮ ਕਰ ਸਕਦੇ ਹੋ ਅਤੇ ਇਹ ਪੱਕਾ ਕਰ ਸਕਦੇ ਹੋ ਕਿ ਤੁਸੀਂ ਇਕ ਕਾਮਯਾਬ ਮਾਲਕ ਮਕਾਨ ਹੋ।

## 1. ਕਿਰਾਏਦਾਰਾਂ ਦੀ ਚੋਣ ਕਰਨਾ

➢ ਸੰਭਾਵੀ ਕਿਰਾਏਦਾਰਾਂ ਨੂੰ ਇਕ ਅਰਜ਼ੀ ਫਾਰਮ ਭਰਨ ਲਈ ਕਹਿਣਾ ਇਕ ਚੰਗੀ ਗੱਲ ਹੈ, ਜਿਵੇਂ ਕਿ ਜਿਹੜੇ ਰੈਜ਼ੀਡੈਂਸ਼ਲ ਟੇਨੈਂਸੀ ਬਰਾਂਚ ਜਾਂ ਮਕਾਨ-ਮਾਲਕਾਂ ਦੀਆਂ ਸੰਸਥਾਵਾਂ ਵੱਲੋਂ ਤਿਆਰ ਕੀਤੇ ਹੁੰਦੇ ਹਨ। ਕਿਰਾਏਦਾਰਾਂ ਦੀ ਚੋਣ ਕਰਨ ਲਈ ਲਗਾਇਆ ਸਮਾਂ ਮਹੱਤਵਪੂਰਨ ਹੈ, ਜੇ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਅਜਿਹਾ ਕਿਰਾਏਦਾਰ ਲੱਭਣਾ ਹੈ ਜਿਹੜਾ ਤੁਹਾਡੀ ਪ੍ਰਾਪਰਟੀ ਦਾ ਧਿਆਨ ਰੱਖੇ ਅਤੇ ਕਿਰਾਇਆ ਸਮੇਂ ਸਿਰ ਦੇਵੇ।

## 2. ਕਿਰਾਏਦਾਰੀ ਦਾ ਲਿਖਤੀ ਐਗਰੀਮੈਂਟ ਦਿਉ

➢ ਰੈਜ਼ੀਡੈਂਸ਼ੀਅਲ ਟੇਨੈਂਸੀ ਬਰਾਂਚ ਅਤੇ ਮਾਲਕ ਮਕਾਨਾਂ ਦੀਆਂ ਸੰਸਥਾਵਾਂ ਕੋਲ ਕਿਰਾਏਦਾਰੀ ਦੇ ਐਗਰੀਮੈਂਟਾਂ ਦੇ ਫਾਰਮ ਹਨ ਜਿਹੜੇ ਸਪੱਸ਼ਟ ਰੂਪ ਵਿਚ ਇਹ ਦੱਸਦੇ ਹਨ ਕਿ ਕਿਰਾਏਦਾਰਾਂ ਅਤੇ ਮਾਲਕ ਮਕਾਨ ਤੋਂ ਕੀ ਉਮੀਦ ਰੱਖੀ ਜਾਣੀ ਹੈ। ਜੇ ਤੁਸੀਂ ਸਹੀ ਫਾਰਮ ਵਰਤਦੇ ਹੋ ਤਾਂ ਇਸ ਨਾਲ ਗਲਤਫਹਿਮੀ ਤੋਂ ਬਚਾ ਹੋ ਸਕਦਾ ਹੈ।ਇਸ ਦੇ ਨਾਲ ਹੀ, ਕਾਨੂੰਨ ਇਹ ਕਹਿੰਦਾ ਹੈ ਕਿ ਤੁਹਾਡੇ ਲਈ ਕਿਰਾਏਦਾਰੀ ਦੇ ਲਿਖਤੀ ਐਗਰੀਮੈਂਟ ਦੀ ਕਾਪੀ ਕਿਰਾਏਦਾਰ ਨੂੰ ਦੇਣਾ ਜ਼ਰੂਰੀ ਹੈ।

## 3. ਮੂਵ ਹੋ ਕੇ ਆਉਣ ਤੋਂ ਪਹਿਲਾਂ ਅਤੇ ਮੂਵ ਹੋ ਕੇ ਜਾਣ ਵੇਲੇ ਇੰਸਪੈਕਸ਼ਨਾਂ ਕਰੋ

➢ ਮੂਵ ਹੋ ਕੇ ਆਉਣ ਤੋਂ ਪਹਿਲਾਂ ਮੂਵ ਹੋ ਕੇ ਜਾਣ ਵੇਲੇ ਤੁਹਾਨੂੰ ਆਪਣੇ ਕਿਰਾਏਦਾਰਾਂ ਨਾਲ ਰਲ਼ ਕੇ ਪ੍ਰਾਪਰਟੀ ਦੀ ਇੰਸਪੈਕਸ਼ਨ ਕਰਨੀ ਚਾਹੀਦੀ ਹੈ। ਜੇ ਤੁਹਾਡੇ ਕਿਰਾਏਦਾਰਾਂ ਨੇ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਇਆ ਹੋਵੇ ਅਤੇ ਤੁਸੀਂ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਪ੍ਰਾਪਰਟੀ ਚੈੱਕ ਨਹੀਂ ਕੀਤੀ ਤਾਂ ਤੁਸੀਂ ਸਕਿਉਰਿਟੀ ਡਿਪਾਜ਼ਿਟ ਰੱਖਣ ਦਾ ਦਾਅਵਾ ਕਰਨ ਦਾ ਹੱਕ ਗੁਆ ਸਕਦੇ ਹੋ।

## 4. ਮੁਰੰਮਤਾਂ ਕਰੋ

➢ ਜੇ ਤੁਸੀਂ ਪ੍ਰਾਪਰਟੀ ਦੀਆਂ ਸਮੇਂ ਸਿਰ ਮੁਰੰਮਤਾਂ ਨਹੀਂ ਕਰਦੇ ਤਾਂ ਤੁਹਾਡੇ ਕਿਰਾਏਦਾਰ ਮਹੀਨਾਵਾਰ ਕਿਰਾਏ ਵਿਚ ਕਟੌਤੀ ਕਰ ਸਕਦੇ ਹਨ। ਇਸ ਦੇ ਨਾਲ ਹੀ ਤੁਹਾਡੇ ਕਿਰਾਏਦਾਰ ਹੋਰ ਕਾਰਨਾਂ ਲਈ ਵੀ ਕਿਰਾਏ ਵਿਚ ਕਟੌਤੀ ਲੈਣ ਦੇ ਯੋਗ ਹੋ ਸਕਦੇ ਹਨ, ਜਿਵੇਂ ਕਿ ਅਜਿਹੇ ਵਿਘਨ ਜਿਹੜੇ ਉਨ੍ਹਾਂ ਵੱਲੋਂ ਪ੍ਰਾਪਰਟੀ ਦਾ ਚੁੱਪਚਾਪ ਆਨੰਦ ਮਾਨਣ ਵਿਚ ਭੰਗ ਪਾਉਂਦੇ ਹਨ। ਤੁਸੀਂ ਮਾਲਕ ਮਕਾਨ ਵਜੋਂ ਆਪਣੇ ਫਰਜ਼ਾਂ ਨੂੰ ਜਾਣ ਕੇ ਆਪਣੇ ਆਪ ਨੂੰ ਸੁੱਰਖਿਅਤ ਰੱਖ ਸਕਦੇ ਹੋ।

## 5. ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਪਤਾ ਲਾਉ

➢ ਤੁਹਾਨੂੰ ਵਾਜਬ ਦਿਖਾਈ ਦਿੰਦੀ ਕੋਈ ਚੀਜ਼ ਕਾਨੂੰਨ ਦੇ ਵਿਰੁੱਧ ਹੋ ਸਕਦੀ ਹੈ। ਮਸਲਿਆਂ ਦੇ ਜ਼ਿਆਦਾ ਗੁੰਝਲਦਾਰ ਹੋ ਜਾਣ ਤੋਂ ਪਹਿਲਾਂ ਇਹ ਪਤਾ ਲਾਉ ਕਿ ਕਾਨੂੰਨ ਕੀ ਕਹਿੰਦਾ ਹੈ। ਰੈਜ਼ੀਡੈਂਸ਼ਲ ਟੇਨੈਂਸੀ ਬਰਾਂਚ ਦੇ ਵੈੱਬਸਾਈਟ www.rto.gov.bc.ca 'ਤੇ ਕਈ ਬੋਲੀਆਂ ਵਿਚ ਲਿਖਤਾਂ ਮੌਜੂਦ ਹਨ। ਹੋਰ ਮੱਦਦ ਲਈ, ਤੁਸੀਂ ਮਾਲਕ ਮਕਾਨਾਂ ਦੇ ਕਿਸੇ ਗਰੁੱਪ ਵਿਚ ਸ਼ਾਮਲ ਹੋ ਸਕਦੇ ਹੋ: www.bcapartmentowners.com ਵੈੱਬਸਾਈਟ 'ਤੇ ਬੀ.ਸੀ. ਅਪਾਰਟਮੈਂਟ ਓਨਰਜ਼ ਐਂਡ ਮੈਨੇਜਰਜ਼ ਐਸੋਸੀਏਸ਼ਨ ਜਾਂ www.romsbc.com 'ਤੇ ਰੈਂਟਲ ਓਨਰਜ਼ ਐਂਡ ਮੈਨੇਜਰਜ਼ ਸੁਸਾਇਟੀ।

---

ਵੈੱਬਸਾਈਟ (ਬਹੁਭਾਸ਼ੀ): www.tenants.bc.ca

ਇਹ ਪ੍ਰਾਜੈਕਟ, ਕਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੇ ਫੰਡਾਂ ਨਾਲ ਸੰਭਵ ਹੋਇਆ ਹੈ।

T·R·A·C
Tenant's Rights Action Coalition

This project is made possible through funding from the Government of Canada and the Province of British columbia

Immigrant PLEI Consortium